BRAMPTON
Flower City
brampton.ca

Service and Information Update

6 ਮਾਰਚ, 2018

# ਬ੍ਰੈਂਪਟਨ ਗੋਰ ਮੀਡੋਜ਼ ਫੇਜ ਦੋ ਦੇ ਠੇਕੇਦਾਰ ਨੂੰ ਬਦਲੇਗਾ

ਬ੍ਰੈਂਪਟਨ, ਓਨਟੈਰੀਓ – ਸਿਟੀ ਆਫ ਬ੍ਰੈਂਪਟਨ (City of Brampton) ਭਾਈਚਾਰੇ ਲਈ ਗੋਰ ਮੀਡੋਜ਼ (Gore Meadows) ਦੇ ਵਿਸਤਾਰ ਦੇ ਮਹੱਤਵ ਨੂੰ ਪਛਾਣਦਾ ਹੈ ਅਤੇ ਜਲਦੀ ਤੋਂ ਜਲਦੀ ਉਸਾਰੀ ਨੂੰ ਪੂਰਾ ਕਰਨ ਦੀ ਤਰਜੀਹ ਸੈੱਟ ਕੀਤੀ ਹੈ। ਇਸ ਪੂਰੇ ਪ੍ਰੋਜੈਕਟ ਵਿੱਚ, ਸਿਟੀ ਨੇ ਫੈਸਿਲਿਟੀ (ਕੇਂਦਰ) ਨੂੰ ਸਮੇਂ ਸਿਰ ਪੂਰਾ ਕਰਨ ਲਈ ਉਸਾਰੀ ਦੇ ਇਕਰਾਰਨਾਮੇ ਵਿੱਚ ਹਰ ਸੰਭਵ ਕਦਮ ਚੁੱਕਿਆ ਹੈ। ਹਾਲਾਂਕਿ ਅਜਿਹੇ ਆਕਾਰ, ਸਕੋਪ ਅਤੇ ਗੁੰਝਲ ਭਰੇ ਕਿਸੇ ਵੀ ਉਸਾਰੀ ਪ੍ਰੋਜੈਕਟ ਵਿੱਚ ਥੋੜ੍ਹੀ ਦੇਰੀ ਦੀ ਸੰਭਾਵਨਾ ਹੋ ਸਕਦੀ ਹੈ, ਪਰੰਤੂ ਗੋਰ ਮੀਡੋਜ਼ ਵਿੱਚ ਇੰਨੀ ਦੇਰੀ ਹੋਣਾ ਅਨੁਚਿਤ ਹੈ। ਨਤੀਜੇ ਵਜੋਂ, ਸਿਟੀ ਨੇ ਮੌਜੂਦਾ ਠੇਕੇਦਾਰ ਦੇ ਪ੍ਰਾਪਰਟੀ ‘ਤੇ ਕੰਮ ਕਰਨ ਦੇ ਹੱਕ ਨੂੰ ਖ਼ਤਮ ਕਰਨ ਦਾ ਫ਼ੈਸਲਾ ਕੀਤਾ ਹੈ, ਜੋ ਕਿ ਤੁਰੰਤ ਪ੍ਰਭਾਵੀ ਹੋਵੇਗਾ।

ਸਿਟੀ ਇਸ ਫੈਸਿਲਿਟੀ ਨੂੰ ਜਨਤਾ ਲਈ ਜਲਦੀ ਤੋਂ ਜਲਦੀ ਖੋਲ੍ਹਣ ਦੇ ਮੌਕੇ ਲਈ ਜਲਦੀ ਅਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਸਾਈਟ ‘ਤੇ ਬਾਕੀ ਬਚੇ ਕੰਮ ਲਈ ਹੋਰਾਂ ਨਾਲ ਤਾਲਮੇਲ ਕਰੇਗਾ। ਇਸਦੇ ਖੁੱਲ੍ਹਣ ਦੀ ਸੰਭਾਵੀ ਤਾਰੀਖ ਸਮੇਤ, ਹੋਰ ਜਾਣਕਾਰੀ ਅਗਲੇ ਕੁਝ ਹਫ਼ਤਿਆਂ ਵਿੱਚ ਮੁਹੱਈਆ ਕੀਤੀ ਜਾਏਗੀ।

ਇਹ ਫ਼ੈਸਲਾ ਮੌਜੂਦਾ ਗੋਰ ਮੀਡੋਜ਼ ਕਮਿਊਨਿਟੀ ਸੈਂਟਰ ਅਤੇ ਲਾਇਬ੍ਰੇਰੀ (Gore Meadows Community Centre and Library) ਦੇ ਵਰਤੋਂਕਾਰਾਂ ‘ਤੇ ਅਸਰ ਨਹੀਂ ਪਾਵੇਗਾ। ਸਾਰੀ ਪ੍ਰੋਗਰਾਮਿੰਗ ਸਧਾਰਨ ਢੰਗ ਨਾਲ ਜਾਰੀ ਰਹੇਗੀ। ਗੋਰ ਮੀਡੋਜ ਦੇ ਫਿਟਨੈਸ ਮੈਂਬਰਾਂ ਨੂੰ ਅਸਥਾਈ ਮੈਂਬਰਸ਼ਿਪਸ ‘ਤੇ ਪੈਣ ਵਾਲੇ ਅਸਰਾਂ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਸਿੱਧੇ ਸੰਪਰਕ ਕੀਤਾ ਜਾਏਗਾ।

ਸਿਟੀ ਆਫ ਬ੍ਰੈਂਪਟਨ ਗੋਰ ਮੀਡੋਜ਼ ਵਿਖੇ ਦੇਰੀ ਕਾਰਨ ਹੋਈ ਅਸੁਵਿਧਾ ਲਈ ਮਾਫ਼ੀ ਚਾਹੁੰਦਾ ਹੈ ਅਤੇ ਭਾਈਚਾਰੇ ਨੇ ਜੋ ਧੀਰਜ ਵਿਖਾਇਆ ਹੈ, ਉਸਦੀ ਪ੍ਰਸ਼ੰਸਾ ਕਰਦਾ ਹੈ।

*ਗੋਰ ਮੀਡੋਜ ਕਮਿਊਨਿਟੀ ਸੈਂਟਰ ਅਤੇ ਲਾਇਬ੍ਰੇਰੀ ਦਾ ਫੇਜ ਦੋ ਮੌਜੂਦਾ ਬਿਲਡਿੰਗ ਵਿੱਚ 80,000 ਵਰਗ ਫੁੱਟ ਦਾ ਵਾਧਾ ਹੈ, ਜਿਸ ਵਿੱਚ ਬਿਲਕੁੱਲ ਆਧੁਨਿਕ ਜਲਜੀਵੀ ਫੈਸਿਲਿਟੀ ਹੈ, ਇੱਕ ਇਨਡੋਰ ਟ੍ਰੈਕ ਸਮੇਤ ਫਿਟਨੈਸ ਕੇਂਦਰ ਹੈ, ਨਾਲ ਹੀ ਆਊਟਡੋਰ ਸਕੇਟਿੰਗ ਰਿੰਕ ਅਤੇ ਸਪ੍ਰੇ ਪੈਡ ਹੈ। ਫੇਜ ਦੋ ਵਿਸਤਾਰ ਵਾਤਾਵਰਨ-ਅਨੁਕੂਲਿਤ ਡਿਜ਼ਾਈਨ ਅਤੇ ਉਸਾਰੀ ਦੀ ਮਾਨਤਾ ਵਿੱਚ LEED ਸਿਲਵਰ (LEED Silver) ਪ੍ਰਮਾਣੀਕਰਨ ਨੂੰ ਉਦੇਸ਼ ਬਣਾਵੇਗਾ।*

-30-

**ਮੀਡੀਆ ਸੰਪਰਕ**
ਬ੍ਰਿਅਨ ਸਟਿੱਟਲ (Brian Stittle)
ਸੀਨੀਅਰ ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.2143 | brian.stittle@brampton.ca